1272/ML/u-34

u-34/2051

**Elementary Punjabi(For students of other state)**

**Semester-II**

**Time Allowed : 03 Hours** **M.M:50**

1) ੳ) ਕੇਵਲ ਤਿੰਨ ਸਧਾਰਨ ਵਾਕ ਲਿਖੋ :
(Write three simple sentences only)
ਅ) ਕੇਵਲ ਤਿੰਨ ਮਿਸ਼ਰਤ ਵਾਕ ਲਿਖੋ :
(Write three complex sentences only)
ੲ) ਕੇਵਲ ਦੋ ਸੰਯੁਕਤ ਵਾਕ ਲਿਖੋ :
(Write two compound sentences only) 3+3+2=08

2) ੳ) ਕਿਸੇ ਚਾਰ ਵਾਕਾਂ ਦੀ ਸਹੀ ਕਿਸਮ ਦੱਸਣ ਲਈ ਬਰੈਕਟਾਂ ਵਿੱਚੋਂ ਠੀਕ ਉੱਤਰ ਚੁਣੋ :
(Choose the correct answer to describe the kind of any four sentences)
1) ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ।
(ਵਿਸਮਿਕ/ਬਿਆਨੀਆ/ਪ੍ਰਸ਼ਨ-ਵਾਚਕ)
2) ਤੁਸੀਂ ਕਿਹੜੀ ਜਮਾਤ ਵਿੱਚ ਪੜ੍ਹਦੇ ਹੋ?
(ਬਿਆਨੀਆ/ਪ੍ਰਸ਼ਨਵਾਚਕ/ਨਾਂਹ-ਵਾਚਕ)
3) ਹਰਮਨ ਦਾ ਭਰਾ ਹਾਕੀ ਨਹੀਂ ਖੇਡਦਾ।
(ਵਿਸਮਕ/ਬਿਆਨੀਆ/ਨਾਂਹ-ਵਾਚਕ)
4) ਹਾਏ ਓ ਰੱਬਾ! ਮੈਂ ਤਾਂ ਲੁੱਟਿਆ ਗਿਆ।
(ਵਿਸਮਕ/ਪ੍ਰਸ਼ਨ-ਵਾਚਕ/ਬਿਆਨੀਆ)
5) ਸੱਚਾਈ ਦੀ ਹਮੇਸ਼ਾਂ ਜਿੱਤ ਹੁੰਦੀ ਹੈ।
(ਵਿਸਮਕ/ਪ੍ਰਸ਼ਨ-ਵਾਚਕ/ਬਿਆਨੀਆ) 04

ਅ) ਬਰੈਕਟਾਂ ਵਿੱਚੋਂ ਠੀਕ ਉੱਤਰ ਚੁਣ ਕੇ ਕੇਵਲ ਤਿੰਨ ਵਾਕਾਂ ਦੀਆਂ ਖਾਲੀ ਥਾਵਾਂ ਭਰੋ :(Fill in the blanks of only three sentences choosing correct answers from the brackets)
1) ਕੁੜੀਆਂ ਗਿੱਧਾ..................ਹਨ(ਪਾਉਣਗੀਆਂ/ਪਾਉਂਦੀਆਂ/ਪਾਇਆ)
2) ਮੱਝਾਂ ਦੁੱਧ.......................।(ਦਿੰਦਾ ਹੈ/ਦਿੰਦੀਆਂ ਹਨ/ਦਿੰਦੇ ਹਨ)
3) ਤੁਸੀਂ ਕਦੋਂ.......................?(ਜਾਏਂਗਾ/ਜਾਉਗੇ/ਜਾਂਦੇ ਹਨ)
4) ਅਸੀਂ ਅੱਜ ਹੀ................।(ਜਾਵਾਂਗਾ/ਜਾਵਾਂਗੇ/ਜਾਵੇਂਗਾ) 03

3) ਕੋਈ ਤਿੰਨ ਪ੍ਰਸ਼ਨ ਕਰੋ :(Attempt any three questions)
1) 41 ਤੋਂ 50 ਤਕ ਦੀ ਗਿਣਤੀ ਸ਼ਬਦਾਂ ਵਿੱਚ (Numerals in words)ਲਿਖੋ।
2) ਪੰਜ ਰਿਸ਼ਤਿਆਂ(Kinship relations) ਦੇ ਨਾਂ ਲਿਖੋ।
3) ਪੰਜ ਫਲਾਂ (Fruits) ਦੇ ਨਾਂ ਲਿਖੋ।
4) ਪੰਜ ਘਰੇਲੂ ਵਸਤਾਂ(Household items) ਦੇ ਨਾਂ ਲਿਖੋ।
5) ਪੰਜ ਆਵਾਜਾਈ ਦੇ ਸਾਧਨਾਂ (Means of Transport) ਦੇ ਨਾਂ ਲਿਖੋ।

5+5+5=15

**Section-B**

4) ੳ) ਕਿਸੇ ਦੋ ਵਾਕਾਂ ਦਾ ਪੰਜਾਬੀ ਤੋਂ ਅੰਗਰੇਜ਼ੀ ਵਿੱਚ ਅਨੁਵਾਦ ਕਰੋ :
(Translate any two sentences from Punjabi to English)
1) ਹਰਮਨ ਤੇ ਕਰਮਜੀਤ ਦਾ ਆਪਸ ਵਿੱਚ ਝਗੜਾ ਹੋ ਗਿਆ।
2) ਕਿਹਾ ਜਾਂਦਾ ਹੈ ਕਿ ਸੱਚ ਦੀ ਹਮੇਸ਼ਾਂ ਜਿੱਤ ਹੁੰਦੀ ਹੈ।
3) ਉਹ ਪਿਛਲੇ ਵੀਹ ਸਾਲਾਂ ਤੋਂ ਇਸ ਪਿੰਡ ਵਿੱਚ ਰਹਿ ਰਿਹਾ ਹੈ।
4) ਅਧਿਆਪਕ ਕੱਲ੍ਹ ਨਵਾਂ ਪਾਠ ਪੜ੍ਹਾਉਣਗੇ। 02

1272/ML



ਅ) ਕਿਸੇ ਤਿੰਨ ਵਾਕਾਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਕਰੋ :

(Translate any three sentences from English to Punjabi)

1) How old are you?
2) My father will go to Delhi tomorrow.
3) What a beautiful Scene !
4) Do not shirk work.
5) The Government has withdrawn all the restrictions. 03

5)ੳ) ਕਿਸੇ ਛੇ ਸ਼ਬਦਾਂ ਦਾ ਰੋਮਨ ਤੋਂ ਗੁਰਮੁਖੀ ਵਿੱਚ ਲਿੱਪੀ ਅੰਤਰਨ ਕਰੋ :

(Transcribe only six words from Roman to gurmukhi) 03

Carpenter, Curfew, Essay, Music, Rough, Strong, University, Transport.

ਅ) ਕਿਸੇ ਚਾਰ ਸ਼ਬਦਾਂ ਦਾ ਗੁਰਮੁਖੀ ਤੋਂ ਰੋਮਨ ਵਿੱਚ ਲਿੱਪੀ ਅੰਤਰਨ ਕਰੋ : 02

ਕੁਦਰਤ, ਬਚਪਨ, ਭੰਗੜਾ, ਕਣਕ, ਨਾਟਕ, ਪਰੇਮ

6)ਹੇਠਾਂ ਦਿੱਤੇ ਵਿਸ਼ਿਆਂ ਵਿੱਚੋਂ ਕਿਸੇ ਇਕ ਉੱਪਰ ਪੈਰ੍ਹਾ ਲਿਖੋ :

(Write a paragraph on one of the following topics)

ੳ) ਵਿਸਾਖੀ ਦਾ ਤਿਓਹਾਰ     ੲ) ਪੰਜਾਬੀ ਲੋਕਾਂ ਦੇ ਵਿਆਹ

ਅ) ਪੰਜਾਬੀ ਬੋਲੀ 05

7) ਪੈਰ੍ਹਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

(Read the passage and anwer the questions that follow)

ਸਰਦਾਰ ਭਗਤ ਸਿੰਘ ਦਾ ਜਨਮ 11 ਨਵੰਬਰ, 1907 ਈ. ਨੂੰ ਚੱਕ ਨੰ. ਪੰਜ, ਜਿਲ੍ਹਾ ਲਾਇਲਪੁਰ ਵਿੱਚ ਹੋਇਆ। ਖਟਕੜ ਕਲਾਂ ਉਸ ਦਾ ਜੱਦੀ ਪਿੰਡ ਸੀ। ਉਸ ਦੀ ਮਾਤਾ ਦਾ ਨਾਂ ਵਿਦਿਆਵਤੀ ਸੀ। ਉਸਦੇ ਪਿਤਾ ਦਾ ਨਾਂ ਸ. ਕਿਸ਼ਨ ਸਿੰਘ ਸੀ। 'ਪਗੜੀ ਸੰਭਾਲ ਓ ਜੱਟਾ' ਲਹਿਰ ਦੇ ਪ੍ਰਸਿੱਧ ਆਗੂ ਸ. ਅਜੀਤ ਸਿੰਘ, ਭਗਤ ਸਿੰਘ ਦੇ ਚਾਚਾ ਜੀ ਸਨ। ਬਚਪਨ ਵਿੱਚ ਜਲ੍ਹਿਆਂ ਵਾਲੇ ਬਾਗ ਦੇ ਕਾਂਡ ਵਿੱਚ ਅੰਗਰੇਜ਼ਾਂ ਦੁਆਰਾ ਮਾਰੇ ਗ਼ਏ ਸੈਂਕੜੇ ਲੋਕਾਂ ਦਾ ਭਗਤ ਸਿੰਘ ਦੇ ਮਨ ਉੱਪਰ ਡੂੰਘਾ ਅਸਰ ਹੋਇਆ। ਦੇਸ਼ ਦੀ ਸੇਵਾ ਲਈ ਭਗਤ ਸਿੰਘ ਨੇ ਕਾਲਜ ਦੀ ਪੜ੍ਹਾਈ ਛੱਡ ਦਿੱਤੀ ਤੇ ਇੰਨਕਲਾਬ ਦਾ ਰਸਤਾ ਚੁਣ ਲਿਆ। ਭਗਤ ਸਿੰਘ ਤੇ ਉਸਦੇ ਸਾਥੀ ਅੰਗਰੇਜ਼ੀ ਰਾਜ ਨੂੰ ਜਲਦੀ ਖਤਮ ਕਰਨਾ ਚਾਹੁੰਦੇ ਸਨ। ਉਹ ਦੇਸ਼ ਵਿੱਚ ਮਜ਼ਦੂਰਾਂ, ਕਿਸਾਨਾਂ ਅਤੇ ਮਿਹਨਤ ਕਰਨ ਵਾਲਿਆਂ ਦਾ ਰਾਜ ਸਥਾਪਤ ਕਰਨਾ ਚਾਹੁੰਦੇ ਸਨ।

**ਪ੍ਰਸ਼ਨ :**

1) ਸ. ਭਗਤ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
2) ਸ. ਭਗਤ ਸਿੰਘ ਦੇ ਪਿਤਾ ਜੀ ਦਾ ਕੀ ਨਾਂ ਸੀ?
3) 'ਪਗੜੀ ਸੰਭਾਲ ਓ ਜੱਟਾ' ਲਹਿਰ ਦਾ ਆਗੂ ਕੌਣ ਸੀ?
4) ਦੇਸ਼ ਦੀ ਸੇਵਾ ਲਈ ਭਗਤ ਸਿੰਘ ਨੇ ਕੀ ਕੀਤਾ?
5) ਸ. ਭਗਤ ਸਿੰਘ ਤੇ ਉਸਦੇ ਸਾਥੀ ਕੀ ਚਾਹੁੰਦੇ ਸਨ? 05